# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ (ਪੰਜਾਬ)

## ਜਨਤਕ ਸੂਚਨਾ

ਹੁਕਮ ਨੰਬਰ – ਈ 591868 ਪ੍ਰੀਖਿਆ(2) ਮਿਤੀ 10.10.2024

ਪੰਜਾਬ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵੱਲੋਂ ਅਗਲਾ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ (PSTET)ਮਿਤੀ 01.12.2024 ਨੂੰ ਕੰਡਕਟ ਕਰਵਾਇਆ ਜਾ ਰਿਹਾ ਹੈ। ਯੋਗ ਉਮੀਦਵਾਰ ਵੈਬਸਾਇਟ www.pstet.pseb.ac.in ਤੇ ਮਿਤੀ 16.10.2024 ਤੋਂ 04.11.2024 (ਸ਼ਾਮ 10:00 ਵਜੇ) ਤੱਕ ਇਸ ਟੈਸਟ ਲਈ ਆਨਲਾਈਨ ਅਪਲਾਈ ਕਰ ਸਕਦੇ ਹਨ। ਪ੍ਰੀਖਿਆ ਸਬੰਧੀ ਕਿਸੇ ਵੀ ਤਰ੍ਹਾਂ ਦੀ ਹੋਰ ਵਧੇਰੇ ਜਾਣਕਾਰੀ (ਗਾਈਡਲਾਈਨਜ਼ ,ਲੋੜੀਂਦੀ ਯੋਗਤਾ ,ਫੀਸ ਆਦਿ) ਲਈ ਉਮੀਦਵਾਰਾਂ ਨੂੰ ਉਪਰੋਕਤ ਵੈਬਾਸਾਈਟ ਸਮੇਂ –ਸਮੇਂ ਤੇ ਵਿਜਿਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਡਾਇਰੈਕਟਰ

ਐਸ.ਸੀ.ਈ.ਆਰ.ਟੀ ਪੰਜਾਬ

**(KEY DATES)**

| ਲੜੀ ਨੰਬਰ | ਕੰਮ | ਮਿਤੀ |
|---|---|---|
| 1 | ਵਿਗਿਆਪਨ ਕਰਨ ਦੀ ਮਿਤੀ | 16.10.2024 |
| 2 | ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਹੋਣ ਦੀ ਮਿਤੀ | 16.10.2024 |
| 3 | ਆਨਲਾਈਨ ਰਜਿਸਟ੍ਰੇਸ਼ਨ ਸਮਾਪਤ ਹੋਣ ਦੀ ਮਿਤੀ | 04.11.2024( ਸ਼ਾਮ 10:ਵਜੇ ਤੱਕ) |
| 4 | ਆਨਲਾਈਨ ਵੇਰਵਿਆਂ ਦੀ ਸੋਧ ਦੀ ਮਿਤੀ | 05.11.2024 ਤੋਂ 08.11.2024 |
| 5 | ਰੋਲ ਨੰਬਰ ਆਨਲਾਈਨ ਕਰਨ ਦੀ ਮਿਤੀ | 18.11.2024 |
| 6 | ਪੀ.ਐਸ.ਟੈੱਟ ਪ੍ਰੀਖਿਆ ਦੀ ਮਿਤੀ | 01.12.2024 |
| 7 | ਨਤੀਜਾ ਘੋਸ਼ਿਤ ਕਰਨ ਦੀ ਮਿਤੀ | 01.01.2025 (Tentative) |

# Guidelines for PSTET

1. Any resident of India can appear in the paper of PSTET.

2. The following persons shall be eligible for appearing in the TET:

(i) A person who has acquired the academic and professional qualifications specified in the NCTE Notification dated 23rd August 2010.

(ii) A person who is pursuing any of the teacher education courses (recognized by the NCTE or the RCI, as the case may be) specified in the NCTE Notification dated 23rd August 2010.

3. The TET paper Is taken by the department as per the directions / guidelines of NCTE.

4. Following new subjects (in addition to Social Science and Maths/Science) have been added for PSTET 2024 Paper II:

| | | |
|---|---|---|
| For Art & Craft Teacher: Art and Craft | For Physical Education Teacher, Physical Education | For Home Science Teacher, Home Science |
| For Urdu Teacher, Urdu | For Music Teacher, Music | For Sanskrit Teacher, Sanskrit |
| For any other teacher: either Social Science or Maths/Science | | |

5. No specific minimum or maximum age limit is prescribed for the candidates.

6. The fee structure of PSTET 2024 is as per follows:

| **Registration Fee ( Non-refundable and Non-transferable)** | | | |
|---|---|---|---|
| **Category *** | **Paper I** | **Paper II** | **Both Paper I and Paper II** |
| General/ OBC (only for Punjab) | 1000/- | 1000/- | 2000/- |
| SC/ST/Differently Abled (only for Punjab) | 500/- | 500/- | 1000/- |
| Ex-Servicemen ** (Self) (only for Punjab) | NIL | NIL | NIL |
| Other states (for all categories) | 1000/- | 1000/- | 2000/- |

** If dependent of Ex-servicemen, then the fee shall be paid as per categories listed above to which he / she belongs.

7. A candidate can register his/her email Id and Mobile No. only once. After successful registration, candidate shall login using email id and proceed to next

step to fill Basic Details, Upload Photo/Signature, Fill Academic Details, Fill Test Details, Candidate Preview & Fee, and finally pay the fee.

8. Candidate must give his/her own Email ID and Mobile Number. These will be used for future correspondence.
9. A candidate can apply in one category only.
10. A candidate may apply for both Paper I and Paper II, subject to fulfilment of Educational Qualifications and Eligibility criteria as prescribed by NCTE from time to time. Application Form for a paper is complete only after successful fee payment for the given paper.
11. The candidate should satisfy his/her eligibility before applying and shall be personally responsible in case he/she is not eligible to apply as per the given eligibility criteria. It is to be noted that if a candidate has been allowed to appear in the PSTET it does not imply that the candidate's eligibility has been verified. It does not vest any right with the candidate for appointment. The eligibility shall be finally verified, by the concerned recruiting agency/ appointing authority.
12. Language of the question paper should be bilingual.
13. The validity period of PSTET qualifying certificate for appointment will be for lifetime for all categories.
14. Candidate must fill the details very carefully, if any details are found Incorrect, candidate shall be disqualified.

## Structure of PSTET-2024

### The questions will be set in PSTET-1 as per the following break up:

| | | | |
|---|---|---|---|
| (i) | Child Development & Pedagogy | 30 MCQs | 30 Marks |
| (ii) | Language I | 30 MCQs | 30 Marks |
| (iii) | Language II | 30 MCQs | 30 Marks |
| (iv) | Mathematics | 30 MCQs | 30 Marks |
| (v) | Environmental Studies | 30 MCQs | 30 Marks |
| | Total | 150 MCQs | 150 Marks |

### The questions will be set in PSTET-2 as per the following break up:

| | | | |
|---|---|---|---|
| (i) | Child Development & Pedagogy (compulsory) | 30 MCQs | 30 Marks |
| (ii) | Language I (compulsory) | 30 MCQs | 30 Marks |
| (iii | Language II (compulsory) | 30 MCQs | 30 Marks |
| (iv | a) **For Mathematics and Science teacher:** Mathematics and Science – 60 MCQs of 1 mark each.<br>b) **For Social studies teacher:** Social Studies - 60 MCQs of 1 mark each.<br>c) **For Art & Craft teacher:** Art & Craft -60 MCQs of 1 mark each<br>d) **For Physical Education teacher:** Physical Education-60 MCQs of 1 mark each<br>e) **For Home science teacher:** Home science-60 MCQs of 1 mark each<br>f) **For Urdu teacher:** Urdu-60 MCQs of 1 mark each<br>g) **For Music teacher:** Music-60 MCQs of 1 mark each<br>h) **For Sanskrit teacher:** Sanskrit-60 MCQs of 1 mark each<br>i) **For any other teacher:** either 4(a) or 4(b) | 60 MCQs | 60 Marks |
| | **Total** | 150 MCQs | 150 Marks |

# Instructions for Candidates

1) ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਲਈ ਉਮੀਦਵਾਰ ਵੱਲੋਂ ਆਪਣਾ ਐਡਮਿਟ ਕਾਰਡ (ਸਕੈਨਡ ਫੋਟੋ ਅਤੇ ਹਸਤਾਖਰ ਸਮੇਤ) ਅਤੇ ਫੋਟੋ ਆਈ.ਡੀ. ਪਰੂਫ ਦਿਖਾਉਂਣਾ ਜਰੂਰੀ ਹੋਵੇਗਾ। ਜੇਕਰ ਕਿਸੇ ਉਮੀਦਵਾਰ ਦੇ ਐਡਮਿਟ ਕਾਰਡ ਉਪਰ ਸਕੈਨਡ ਫੋਟੋ ਨਹੀ ਹੈ, ਤਾਂ ਉਹ ਆਪਣੇ ਐਡਮਿਟ ਕਾਰਡ ਉਪਰ ਫੋਟੋ ਪੇਸਟ ਕਰਕੇ ਕਿਸੇ ਗਜ਼ਟਰ ਅਫਸਰ ਜਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਤੋਂ ਫੋਟੋ ਤਸਦੀਕ ਕਰਵਾਏਗਾ।

2) ਪ੍ਰੀਖਿਆ ਕੇਂਦਰ ਦੇ ਅੰਦਰ ਪੈੱਨ, ਖ਼ਾਲੀ ਪੇਪਰ, ਮੋਬਾਈਲ ਫੋਨ, ਸਮਾਰਟ ਘੜੀ (smart watch), ਐਫ.ਐਮ. ਰੇਡੀਓ, ਕੈਲਕੂਲੇਟਰ ਜਾਂ ਕੋਈ ਹੋਰ ਇਲੈਕਟ੍ਰਾਨਿਕ ਡਿਵਾਈਜ਼ ਵਰਤਣ/ਲਿਜਾਣ ਦੀ ਸਖ਼ਤ ਮਨਾਹੀ ਹੈ। ਬਾਲ ਪੈੱਨ ਪ੍ਰੀਖਿਆ ਕੇਂਦਰ ਵਿੱਚ ਉਮੀਦਵਾਰਾਂ ਨੂੰ ਦਿੱਤਾ ਜਾਵੇਗਾ।

3) ਪੀਣ ਵਾਲੇ ਪਾਣੀ ਦੇ ਲਈ ਕੇਵਲ Transparent Bottle (ਜਿਸ ਉਪਰ ਕੋਈ ਵੀ ਸਟਿੱਕਰ ਜਾਂ ਪ੍ਰਿੰਟ ਨਾ ਹੋਵੇ) ਪ੍ਰੀਖਿਆ ਕੇਂਦਰ ਅੰਦਰ ਲਿਜਾਣ ਦੀ ਇਜਾਜਤ ਹੈ। ।

4) ਪ੍ਰੀਖਿਆ ਕੇਂਦਰ ਅੰਦਰ ਅਲਕੋਹਲ (ਸ਼ਰਾਬ), ਸਿਗਰੇਟ ਜਾਂ ਕੋਈ ਹੋਰ ਨਸ਼ੀਲਾ ਪਦਾਰਥ ਆਦਿ ਖਾਣ/ਪੀਣ ਜਾਂ ਖਾ/ਪੀ ਕੇ ਆਉਣ ਦੀ ਸਖਤ ਮਨਾਹੀ ਹੈ। ਜੇਕਰ ਕੋਈ ਉਮੀਦਵਾਰ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

5) ਉਮੀਦਵਾਰ ਆਪਣੇ ਰੋਲ ਨੰਬਰ ਵਾਲੀ ਸੀਟ ਤੇ ਹੀ ਬੈਠੇਗਾ। ਉਮੀਦਵਾਰ ਨੂੰ ਕਿਸੇ ਵੀ ਹਾਲਤ ਵਿੱਚ ਆਪਣੀ ਸੀਟ ਬਦਲਣ ਦੀ ਸਖ਼ਤ ਮਨਾਹੀ ਹੋਵੇਗੀ।

6) ਡਿਫਰੈਂਟਲੀ ਏਬਲਡ (ਅੱਖਾਂ ਤੋਂ, ਹੱਥਾਂ ਤੋਂ ਅਤੇ ਸੈਰੇਬਲ ਪੈਲਸੀ) ਉਮੀਦਵਾਰਾਂ ਨੂੰ ਆਪਣੇ ਨਾਲ ਇੱਕ ਰਾਈਟਰ ਲਿਆਉਣ ਦੀ ਇਜ਼ਾਜਤ ਦਿੱਤੀ ਜਾਵੇਗੀ। ਅਜਿਹੀ ਹਾਲਤ ਵਿੱਚ ਉਸ ਉਮੀਦਵਾਰ ਨੂੰ ਆਪਣੀ ਡਿਫਰੈਂਟਲੀ ਏਬਲਡ ਦਾ ਸਰਟੀਫਿਕੇਟ ਦਿਖਾਉਣਾ ਜ਼ਰੂਰੀ ਹੋਵੇਗਾ। ਉਸ ਨੂੰ ਰਾਈਟਰ ਦਾ ਪ੍ਰੋਫਾਰਮਾ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰ ਕੇ ਲਿਆਉਣਾ ਜਰੂਰੀ ਹੋਵੇਗਾ। ਉਹ ਆਪਣੇ ਰਾਈਟਰ ਦਾ ਪ੍ਰੋਫਾਰਮਾ ਅਤੇ ਫੋਟੋ ਆਈ.ਡੀ. ਪਰੂਫ ਵੀ ਕੇਂਦਰ ਸੁਪਰਡੰਟ ਅਤੇ ਨਿਗਰਾਨ ਨੂੰ ਚੈਕ ਕਰਵਾਏਗਾ।

7) ਜੇਕਰ ਕੋਈ ਉਮੀਦਵਾਰ ਕਿਸੇ ਛੂਤ ਦੀ ਬਿਮਾਰੀ ਤੋਂ ਪ੍ਰਭਾਵਿਤ ਹੈ ਤਾਂ ਉਹ ਨਿਗਰਾਨ ਨੂੰ ਵੱਖਰੀ ਸੀਟ ਲੈਣ ਲਈ ਬੇਨਤੀ ਕਰ ਸਕਦਾ ਹੈ।

8) ਕੋਈ ਵੀ ਉਮੀਦਵਾਰ ਨਿਰਧਾਰਿਤ ਸਮੇਂ ਤੋਂ ਪਹਿਲਾਂ ਪ੍ਰੀਖਿਆ ਕੇਂਦਰ ਤੋਂ ਬਾਹਰ ਨਹੀਂ ਜਾ ਸਕਦਾ। ਕੇਵਲ ਕੋਈ ਐਮਰਜੈਂਸੀ ਹੋਣ ਤੇ ਹੀ ਉਮੀਦਵਾਰ ਕੇਂਦਰ ਸੁਪਰਡੰਟ ਦੀ ਪ੍ਰਵਾਨਗੀ ਨਾਲ ਸੈਂਟਰ ਤੋਂ ਬਾਹਰ ਜਾ ਸਕੇਗਾ।

9) ਉਮੀਦਵਾਰ OMR Sheet ਤੇ ਆਪਣੇ ਵੇਰਵੇ (ਜਿਵੇਂ ਨਾਮ, ਰੋਲ ਨੰਬਰ, ਸੈਂਟਰ ਕੋਡ, ਸੈਂਟਰ ਦਾ ਨਾਮ, ਪ੍ਰਸ਼ਨ ਪੱਤਰ ਦਾ ਕੋਡ, ਸਬਜੈਕਟ ਅਤੇ ਬੁੱਕਲੈਟ ਕੋਡ) ਧਿਆਨ ਪੂਰਵਕ ਭਰੇ। ਇਹ ਵੇਰਵੇ ਐਡਮਿਟ ਕਾਰਡ ਅਤੇ ਪ੍ਰਸ਼ਨ ਪੱਤਰ ਨਾਲ ਮਿਲਾ ਲਏ ਜਾਣ। ਜੇਕਰ ਉਮੀਦਵਾਰ ਵੱਲੋਂ OMR Sheet ਤੇ ਆਪਣੇ ਵੇਰਵੇ ਗਲਤ ਭਰੇ ਗਏ, ਤਾਂ ਉਮੀਦਵਾਰ ਦਾ ਨਤੀਜਾ ਪ੍ਰਭਾਵਿਤ ਹੋ ਸਕਦਾ ਹੈ, ਜਿਸ ਦੀ ਸਮੁੱਚੀ ਜਿੰਮੇਵਾਰੀ ਉਸਦੀ ਆਪਣੀ ਹੋਵੇਗੀ।

10) ਗਲਤ ਉੱਤਰ ਲਈ ਕੋਈ ਨੈਗੇਟਿਵ ਮਾਰਕਿੰਗ ਨਹੀਂ ਹੋਵੇਗੀ। ਹਰੇਕ ਠੀਕ ਉੱਤਰ ਲਈ 1 (ਇੱਕ) ਅੰਕ ਦਿੱਤਾ ਜਾਵੇਗਾ।

11) ਉਮੀਦਵਾਰ ਵੱਲੋਂ OMR Sheet ਤੇ ਕੋਈ ਵੀ ਸਮੈਸ਼ਲ ਮਾਰਕ ਨਾ ਲਗਾਇਆ ਜਾਵੇ। ਜੇਕਰ ਅਜਿਹਾ ਕੋਈ ਸਮੈਸ਼ਲ ਮਾਰਕ ਉਮੀਦਵਾਰ ਦੀ ਸ਼ੀਟ ਤੇ ਪਾਇਆ ਜਾਂਦਾ ਹੈ ਤਾਂ ਉਸਦੀ OMR Sheet ਰੱਦ ਕਰ ਦਿੱਤੀ ਜਾਵੇਗੀ।

12) ਜਦ ਤੱਕ ਉਮੀਦਵਾਰਾਂ ਨੂੰ ਪ੍ਰਸ਼ਨ ਪੱਤਰ ਬੁੱਕਲੈਟ ਖੋਲ੍ਹਣ ਲਈ ਨਾ ਕਿਹਾ ਜਾਵੇ ਉਸ ਸਮੇਂ ਤੱਕ ਪੇਪਰ ਬੁੱਕਲੈਟ ਨਾ ਖੋਲ੍ਹੀ ਜਾਵੇ। ਜੇਕਰ ਕੋਈ ਉਮੀਦਵਾਰ ਪੇਪਰ ਬੁਕਲੈਟ ਸਮੇਂ ਤੋਂ ਪਹਿਲਾਂ ਖੋਲ੍ਹਦਾ ਹੈ, ਤਾਂ ਉਸਦੇ ਖਿਲਾਫ਼ ਨਿਯਮਾਂ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ।

13) ਜਿਹੜੇ ਸਰਕਾਰੀ ਕਰਮਚਾਰੀ PSTET ਦਾ ਇਮਤਿਹਾਨ ਦੇਣਾ ਚਾਹੁੰਦੇ ਹਨ, ਉਹਨਾਂ ਨੂੰ ਆਪਣੇ ਪਿਤਰੀ ਵਿਭਾਗ ਤੋਂ ਪੂਰਵ ਪ੍ਰਵਾਨਗੀ ਲੈਣੀ ਲਾਜ਼ਮੀ ਹੈ ਅਤੇ ਪ੍ਰੀਖਿਆ ਦੇਣ ਦਾ ਕਾਰਨ ਵੀ ਸਪਸ਼ਟ ਕਰਨਾ ਲਾਜ਼ਮੀ ਹੈ।

14) ਉਮੀਦਵਾਰ ਰਫ਼ ਕੰਮ ਪ੍ਰਸ਼ਨ-ਪੱਤਰ ਬੁੱਕਲੈਟ ਤੇ ਖਾਲੀ ਜਗ੍ਹਾ ਉਪਰ ਕਰੇ।

15) ਉਮੀਦਵਾਰਾਂ ਨੂੰ ਇਸ ਸਬੰਧੀ ਕੋਈ ਮਾਣਭੱਤਾ (ਟੀ.ਏ/ ਡੀ.ਏ) ਨਹੀਂ ਦਿੱਤਾ ਜਾਵੇਗਾ।